ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




18 March 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਸਾਡਾ ਦਿਲ ਤੁਹਾਡੇ ਦੁੱਖ ਨਾਲ ਤੜਫ਼ ਰਿਹਾ ਹੈ - ਜੈਸ਼ਿੰਦਾ ਅਰਡਰਨ

ਨਿਊਜ਼ੀਲੈਂਡ ਵਿਚ ਸ਼ੁੱਕਰਵਾਰ ਨੂੰ 50 ਲੋਕਾਂ ਦੀ ਜਾਨ ਲੈਣ ਵਾਲੇ ਦੋ ਮਸਜਿਦਾਂ ਵਿਚ ਹੋਏ ਹਮਲਿਆਂ ਤੋਂ ਬਾਅਦ ਮੁਲਕ ਦੀ ਪ੍ਰਧਾਨ ਮੰਤਰੀ ਜਕੈਂਡਾ ਅਰਡਰਨ ਨੇ ਜਿਸ ਤਰ੍ਹਾਂ ਅਗਵਾਈ ਕੀਤੀ ਉਸਦੀ ਪੂਰੀ ਦੁਨੀਆਂ ਵਿਚ ਪ੍ਰਸ਼ੰਸਾ ਹੋ ਰਹੀ ਹੈ। ਪ੍ਰਧਾਨ ਮੰਤਰੀ ਨਿੱਜੀ ਤੌਰ ਉੱਤੇ ਲੋਕਾਂ ਨੂੰ ਮਿਲੀ ਅਤੇ ਪੀੜਤ ਪਰਿਵਾਰਾਂ ਨੂੰ ਗਲ਼ ਨਾਲ ਲਾਇਆ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ। ਪੀੜ੍ਹਤ ਪਰਿਵਾਰਾਂ ਮਿਲ ਕੇ ਜਕੈਂਡਾ ਅਰਡਰਨ ਨੇ ਕਿਹਾ, 'ਸਾਡਾ ਦਿਲ ਤੁਹਾਡੇ ਦੁੱਖ ਨਾਲ ਤੜਫ਼ ਰਿਹਾ ਹੈ। ਅਸੀਂ ਦੁਖੀ ਹਾਂ, ਅਸੀਂ ਬੇਨਿਆਂਈ ਦੇ ਸ਼ਿਕਾਰ ਬਣੇ ਮਹਿਸੂਸ ਕਰ ਰਹੇ ਹਾਂ ਅਤੇ ਰੋਹ ਨਾਲ ਭਰੇ ਹੋਏ ਹਾਂ। ਮੈਂ ਇਹ ਦੁੱਖ ਤੇ ਰੋਹ ਤੁਹਾਡੇ ਨਾਲ ਸਾਂਝਾ ਕਰਦੀ ਹਾਂ। ''ਮੈਂ ਤੁਹਾਡੇ ਜੀਆਂ ਨੂੰ ਤਾਂ ਵਾਪਸ ਨਹੀਂ ਲਿਆ ਸਕਦੀ ਪਰ ਤੁਹਾਡੇ ਧਰਮ ਅਤੇ ਤੁਹਾਡੀ ਰੱਖਿਆ ਨੂੰ ਯਕੀਨੀ ਬਣਾਉਣਾ ਮੇਰੀ ਸਭ ਤੋਂ ਮੁੱਢਲੀ ਚਿੰਤਾ ਹੈ। ਮਸਜਿਦਾਂ ਦੀ ਸੁਰੱਖਿਆ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਜਾਣਗੇ ਅਤੇ ਪੁਲਿਸ ਅਤੇ ਸਥਾਨਕ ਪ੍ਰਸ਼ਾਸ਼ਨ ਨਾਲ ਮਿਲ ਕੇ ਅਜਿਹੇ ਪ੍ਰਬੰਧ ਕੀਤੇ ਜਾਣਗੇ ਕਿ ਅਜਿਹਾ ਕੁਝ ਦੁਬਾਰਾ ਨਾ ਵਾਪਰੇ'



ਓਮਰ ਕੁਰੈਸ਼ੀ ਨਾਂ ਦੇ ਟਵਿੱਟਰ ਹੈਂਡਲਰ ਨੇ ਪ੍ਰਧਾਨ ਮੰਤਰੀ ਜਕੈਂਡਾ ਅਰਡਰਨ ਦਾ ਵੀਡੀਓ ਸਾਂਝਾ ਕਰਦਿਆਂ ਕਿਹਾ, 'ਪ੍ਰਧਾਨ ਮੰਤਰੀ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਦਿਲੋਂ ਬੋਲੀ'ਜੈਨ ਖ਼ਾਨ ਨਾਂ ਦੇ ਟਵਿੱਟਰ ਹੈਂਡਲਰ ਨੇ ਆਪਣੇ ਅਕਾਉਂਟ ਉੱਤੇ ਲਿਖਿਆ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਦੁਪੱਟਾ ਲੈ ਕੇ ਅੱਤਵਾਦੀ ਹਮਲੇ ਦੇ ਪੀੜ੍ਹਤਾਂ ਨੂੰ ਮਿਲਣ ਗਈ ਅਤੇ ਮੁਸਲਿਮ ਭਾਈਚਾਰੇ ਲੋਕਾਂ ਨਾਲ ਦੁੱਖ ਸਾਂਝਾ ਕੀਤਾ।ਨਾਗਰ ਮੋਰਤੰਜਵੀ ਨੇ ਲਿਖਿਆ ਤਾਕਤਵਰ ਲੀਡਰਸ਼ਿਪ , 'ਪ੍ਰਧਾਨ ਮੰਤਰੀ ਦਾ ਹਿਜਾਬ ਪਾਕੇ ਪੀੜਤਾਂ ਦਾ ਦੁੱਖ ਵੰਡਾਉਣ ਜਾਣਾ ਮੁਸਲਿਮ ਭਾਈਚਾਰੇ ਦੇ ਸਨਮਾਨ ਦਾ ਪ੍ਰਤੀਕ ਹੈ।

## ਨਿਊਜ਼ੀਲੈਂਡ ਹਮਲੇ ਤੋਂ ਬਾਅਦ ਬੰਗਲਾਦੇਸ਼ ਕ੍ਰਿਕਟ ਟੀਮ ਵਤਨ ਪਰਤੀ

ਨਿਊਜ਼ੀਲੈਂਡ ਵਿਚ ਕ੍ਰਾਈਸਟਚਰਚ ਗੋਲੀਬਾਰੀ ਵਿਚ ਬਾਲ-ਬਾਲ ਬਚੀ ਬੰਗਲਾਦੇਸ਼ ਦੀ ਕ੍ਰਿਕਟ ਟੀਮ ਸ਼ਨੀਵਾਰ ਦੇਰ ਰਾਤ ਵਤਨ ਪਰਤ ਆਈ ਹੈ। ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਟਵਿਟਰ 'ਤੇ ਟੀਮ ਦੀ ਸੁਰੱਖਿਅਤ ਵਤਨ ਪਰਤਣ ਦੀ ਜਾਣਕਾਰੀ ਦਿੱਤੀਕ੍ਰਾਈਸਟਚਰਚ ਮਸਜਿਦ 'ਤੇ ਸ਼ੁੱਕਰਵਾਰ ਨੂੰ ਹੋਏ ਹਮਲੇ ਤੋਂ ਬਾਅਦ ਬੰਗਲਾਦੇਸ਼ ਕ੍ਰਿਕਟ ਟੀਮ ਦੇ ਨਿਊਜ਼ੀਲੈਂਡ ਦੌਰੇ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਹਾਦਸੇ ਵਿਚ ਮਹਿਮਾਨ ਟੀਮ ਦੇ ਖਿਡਾਰੀ ਸੁਰੱਖਿਅਤ ਬਚ ਗਏ ਪਰ ਹਮਲੇ ਵਿਚ ਲਗਭਗ 49 ਲੋਕਾਂ ਦੀ ਮੌਤ ਹੋਈ ਹੈ ਤੇ 48 ਜ਼ਖ਼ਮੀ ਹੋਏ ਹਨ। ਹੇਗਲੇ ਓਵਲ ਦੇ ਨੇੜੇ ਬੰਗਲਾਦੇਸ਼ ਦੀ ਟੀਮ ਮਸਜਿਦ ਵਿਚ ਪ੍ਰਵੇਸ਼ ਕਰਨ ਹੀ ਵਾਲੀ ਸੀ ਕਿ ਮਸਜਿਦ 'ਤੇ ਹਮਲਾ ਹੋ ਗਿਆ। ਬੰਗਲਾਦੇਸ਼ ਤੇ ਨਿਊਜ਼ੀਲੈਂਡ ਵਿਚਾਲੇ ਕ੍ਰਾਈਸਟਚਰਚ ਟੈਸਟ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ. ਸੀ. ਬੀ.) ਤੇ ਕੌਮਾਂਤਰੀ ਕ੍ਰਿਕਟ ਪ੍ਰੀਸ਼ਦ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਸੀ।

ਜਿਸ ਸਮੇਂ ਮਸਜਿਦ 'ਤੇ ਇਹ ਹਮਲਾ ਹੋਇਆ, ਪੂਰੀ ਬੰਗਲਾਦੇਸ਼ੀ ਟੀਮ ਆਪਣੀ ਬੱਸ ਵਿਚ ਮੌਜੂਦ ਸੀ ਤੇ ਇਸ ਘਟਨਾ ਦੀ ਗਵਾਹ ਵੀ ਬਣੀ। ਖਿਡਾਰੀਆਂ ਨੂੰ ਪਹਿਲਾਂ ਕੁਝ ਦੇਰ ਤਕ ਬੱਸ ਵਿਚ ਹੀ ਰੋਕ ਦਿੱਤਾ ਗਿਆ ਪਰ ਫਿਰ ਸਾਰੇ ਬੱਸ ਤੋਂ ਉੱਤਰ ਕੇ ਭੱਜਦੇ ਹੋਏ ਗਰਾਊਂਡ ਤਕ ਪਹੁੰਚੇ। ਥੋੜ੍ਹੀ ਦੇਰ ਬਾਅਦ ਖਿਡਾਰੀਆਂ ਨੂੰ ਵਾਪਸ ਉਨ੍ਹਾਂ ਦੇ ਹੋਟਲ ਲਿਜਾਇਆ ਗਿਆ।

# ਨਿਊਜ਼ੀਲੈਂਡ ਹਮਲਾ: ਦੂਜਿਆਂ ਲਈ ਗੋਲੀਆਂ ਖਾਣ ਵਾਲੇ ਬਹਾਦਰ ਸ਼ਖਸ

ਸ਼ੁੱਕਰਵਾਰ ਨੂੰ ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ ਵਿੱਚ ਹੋਏ ਹਮਲਿਆਂ 'ਚ 50 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ ਹੈ ਅਤੇ ਕਈ ਲਾਪਤਾ ਹਨ।

ਇਸ ਹਮਲੇ ਵਿੱਚ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਸੀਰੀਆ, ਇੰਡੋਨੇਸ਼ੀਆ, ਜਾਰਡਨ, ਬੰਗਲਾਦੇਸ਼, ਫਿਜ਼ੀ ਅਤੇ ਸਾਊਦੀ ਅਰਬ ਤੋਂ ਸਬੰਧ ਰੱਖਣ ਵਾਲੇ ਲੋਕਾਂ ਦੀ ਮੌਤ ਅਤੇ ਲਾਪਤਾ ਹੋਣ ਦੀ ਖ਼ਬਰ ਹੈ। ਨਿਊਜ਼ੀਲੈਂਡ ਦੇ ਅਧਿਕਾਰੀਆਂ ਸਾਹਮਣੇ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਦੀ ਚੁਣੌਤੀ ਹੈ ਜਿਨ੍ਹਾਂ ਨੇ ਇਸ ਹਮਲੇ ਵਿੱਚ ਆਪਣੀਆ ਜਾਨਾਂ ਗੁਆਈਆਂ ਹਨ। ਇਹ ਸਾਫ ਹੋ ਰਿਹਾ ਹੈ ਕਿ ਪੀੜਤ ਦੁਨੀਆਂ ਦੇ ਵੱਖ-ਵੱਖ ਦੇਸਾਂ ਤੋਂ ਆਏ ਸਨ। ਜਿਨ੍ਹਾਂ ਲੋਕਾਂ ਦੇ ਨਾਂ ਸਾਹਮਣੇ ਆ ਰਹੇ ਹਨ ਉਨ੍ਹਾਂ ਵਿੱਚ ਕੋਈ ਸੀਰੀਆ ਵਰਗੇ ਦੇਸਾਂ ਤੋਂ ਰੈਫਿਊਜੀ ਸ ਨ ਤਾਂ ਕੋਈ ਅਫਗਾਨਿਸਤਾਨ ਤੋਂ ਆਏ ਪਰਵਾਸੀ ਸਨ। ਉਹ ਇਹ ਸੋਚ ਕੇ ਇੱਥੇ ਆਏ ਸਨ ਕਿ ਨਿਊਜ਼ੀਲੈਂਡ ਵਿੱਚ ਉਨ੍ਹਾਂ ਨੂੰ ਸੁਰੱਖਿਆ ਮਿਲੇਗੀ।

**ਦਾਊਦ ਨਬੀ**

71 ਸਾਲ ਦੇ ਅਫਗਾਨਿਸਤਾਨ ਵਿੱਚ ਪੈਦਾ ਹੋਏ ਸਨ ਤੇ 1980 ਵਿੱਚ ਸੋਵਿਅਤ ਹਮਲੇ ਤੋਂ ਬਾਅਦ ਉਹ ਆਪਣੇ ਪਰਿਵਾਰ ਨਾਲ ਨਿਊਜ਼ੀਲੈਂਡ ਆ ਗਏ ਸਨ। ਉਹ ਇੱਕ ਇੰਜੀਨੀਅਰ ਸਨ ਪਰ ਰਿਟਾਇਰ ਹੋਣ ਤੋਂ ਬਾਅਦ ਕਮਿਊਨਿਟੀ ਲੀਡਰ ਵਜੋਂ ਕੰਮ ਕਰਦੇ ਸੀ। ਉਨ੍ਹਾਂ ਨੂੰ ਪਰਵਾਸੀਆਂ ਦੀ ਮਦਦ ਕਰਨ ਲਈ ਜਾਣਿਆ ਜਾਂਦਾ ਸੀ। ਕਿਹਾ ਜਾ ਰਿਹਾ ਹੈ ਕਿ ਹੋਰ ਲੋਕਾਂ ਨੂੰ ਬਚਾਉਣ ਲਈ ਦਾਊਦ ਖੁਦ ਹਮਲਾਵਰ ਅੱਗੇ ਆ ਗਏ ਸਨ। ਉਨ੍ਹਾਂ ਦੇ ਬੇਟੇ ਉਮਰਨੇ ਐਨਬੀਸੀ ਨਿਊਜ਼ ਨੂੰ ਦੱਸਿਆ, "ਫਲਸਤੀਨੀ, ਇਰਾਕ ਜਾਂ ਸੀਰੀਆ ਦੇ, ਤੁਸੀਂ ਕਿੱਥੋਂ ਦੇ ਵੀ ਹੋ, ਉਹ ਹਮੇਸ਼ਾ ਸਭ ਦੀ ਮਦਦ ਲਈ ਅੱਗੇ ਰਹਿੰਦੇ ਸੀ।"

**ਹੋਸਨੀ ਆਰਾ**

ਬੰਗਲਾਦੇਸ਼ੀ ਮੂਲ ਦੀ 42 ਸਾਲਾ ਹੋਸਨੀ ਆਰਾ ਹਮਲੇ ਦੇ ਸਮੇਂ ਮਸਜਿਦ ਦੇ ਔਰਤਾਂ ਦੇ ਕਮਰੇ ਵਿੱਚ ਸੀ। ਗੋਲੀਆਂ ਦੀ ਆਵਾਜ਼ ਸੁਣਕੇ ਉਹ ਆਪਣੇ ਪਤੀ ਨੂੰ ਬਚਾਉਣ ਲਈ ਭੱਜੀ। ਉਨ੍ਹਾਂ ਦੇ ਪਤੀ ਮਰਦਾਂ ਦੇ ਕਮਰੇ ਵਿੱਚ ਵ੍ਹੀਲਚੇਅਰ 'ਤੇ ਸਨ। ਉਨ੍ਹਾਂ ਦੇ ਭਤੀਜੇ ਨੇ ਬੰਗਲਾਦੇਸ ਦੇ 'ਨਿਊ ਏਜ' ਅਖਬਾਰ ਨੂੰ ਦੱਸਿਆ, "ਉਹ ਆਪਣੇ ਪਤੀ ਨੂੰ ਬਚਾਉਣ ਲਈ ਭੱਜੀ ਸੀ, ਪਰ ਉਨ੍ਹਾਂ ਨੂੰ ਆਪ ਹੀ ਗੋਲੀਆਂ ਲੱਗ ਗਈਆਂ ਤੇ ਉਨ੍ਹਾਂ ਦੀ ਮੌਤ ਹੋ ਗਈ।" ਖ਼ਬਰ ਹੈ ਕਿ ਉਨ੍ਹਾਂ ਦੇ ਪਤੀ ਬੱਚ ਗਏ ਹਨ।

**ਸਇਅਦ ਮਿਲਨੇ**

ਇਸ ਹਮਲੇ ਵਿੱਚ 14 ਸਾਲ ਦਾ ਸਇਅਦ ਮਿਲਨੇ ਵੀ ਮਾਰਿਆ ਗਿਆ। ਉਹ ਆਪਣੀ ਮਾਂ ਨਾਲ ਅਲ ਨੂਰ ਮਸਜਿਦ ਵਿੱਚ ਗਿਆ ਸੀ। ਉਸ ਦੇ ਪਿਤਾ ਨੇ ਦੱਸਿਆ, "ਮੈਨੂੰ ਉਸਦੀ ਮੌਤ ਦੀ ਜਾਣਕਾਰੀ ਨਹੀਂ ਮਿਲੀ ਹੈ ਪਰ ਮੈਂ ਜਾਣਦਾ ਹਾਂ ਕਿ ਉਹ ਜ਼ਿੰਦਾ ਨਹੀਂ ਹੈ ਕਿਉਂਕਿ ਉਸ ਨੂੰ ਉੱਥੇ ਵੇਖਿਆ ਗਿਆ ਸੀ।" "ਉਸ ਦੇ ਪੈਦਾ ਹੋਣ ਦੇ ਸਮੇਂ ਵੀ ਉਹ ਮਰਨ ਤੋਂ ਬੱਚ ਗਿਆ ਸੀ, ਉਹ ਬਹਾਦੁਰ ਸੀ। ਹੁਣ ਉਸ ਨੂੰ ਕਿਸੇ ਸ਼ਖਸ ਵੱਲੋਂ ਮਾਰ ਦਿੱਤਾ ਗਿਆ ਜਿਸ ਨੂੰ ਕਿਸੇ ਦੀ ਪਰਵਾਹ ਨਹੀਂ ਹੈ। ਮੈਨੂੰ ਪਤਾ ਹੈ ਉਹ ਸ਼ਾਂਤੀ ਵਿੱਚ ਹੈ।" ਉਸ ਦੀ ਭੈਣ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੂੰ ਆਖਰੀ ਵਾਰ ਮਸਜਿਦ ਦੇ ਫਰਸ਼ 'ਤੇ ਪਿਆ ਵੇਖਿਆ ਗਿਆ ਸੀ, ਤੇ ਉਸਦੇ ਸਰੀ ਰ ਦੇ ਥੱਲੇ ਦੇ ਹਿੱਸੇ 'ਚੋਂ ਖ਼ੂਨ ਬਹਿ ਰਿਹਾ ਸੀ।

**ਨਈਮ ਰਸ਼ੀਦ ਅਤੇ ਤਲਹਾ ਰਸ਼ੀਦ**

ਕਰਾਈਸਟਚਰਚ ਵਿੱਚ ਅਧਿਆਪਕ ਤੇ ਪਾਕਿਸਤਾਨ ਦੇ ਐਬਟਾਬਾਦ ਤੋਂ ਸਬੰਧਿਤ ਨਈਮ ਰਸ਼ੀਦ ਨੂੰ ਵੀਡੀਓ ਵਿੱਚ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਵੇਖਿਆ ਗਿਆ। ਉਨ੍ਹਾਂ ਨੂੰ ਕਾਫੀ ਸੱਟਾਂ ਆਈਆਂ ਤੇ ਹਸਪਤਾਲ ਵੀ ਲਿਜਾਇਆ ਗਿਆ ਪਰ ਉਹ ਬੱਚ ਨਹੀਂ ਸਕੇ। ਉਨ੍ਹਾਂ ਨੂੰ ਹੀਰੋ ਵਜੋਂ ਵੇਖਿਆ ਜਾ ਰਿਹਾ ਹੈ। ਉਨ੍ਹਾਂ ਦੇ ਭਰਾ ਖੁਰਸ਼ੀਦ ਆਲਮ ਨੇ ਕਿਹਾ, "ਉਹ ਬੇਹੱਦ ਬਹਾਦੁਰ ਇਨਸਾਨ ਸੀ। ਉੱਥੇ ਮੌਜੂਦ ਕਈ ਲੋਕਾਂ ਨੇ ਮੈਨੂੰ ਦੱਸਿਆ ਕਿ ਹਮਲਾਵਰ ਨੂੰ ਰੋਕ ਕੇ ਉਸ ਨੇ ਕਈ ਲੋਕਾਂ ਦੀ ਜਾਨ ਬਚਾਈ।" "ਉਹ ਹੀਰੋ ਤਾਂ ਬਣ ਗਿਆ ਤੇ ਸਾਨੂੰ ਮਾਣ ਵੀ ਹੈ ਪਰ ਇਸ ਨੁਕਸਾਨ ਦਾ ਕੁਝ ਨਹੀਂ ਕੀਤਾ ਜਾ ਸਕਦਾ, ਇੰਝ ਹੈ ਜਿਵੇਂ ਤੁਹਾਡਾ ਇੱਕ ਅੰਗ ਕੱਟ ਦਿੱਤਾ ਗਿਆ ਹੋਵੇ।" ਨਈਮ ਦੇ 21 ਸਾਲ ਦੇ ਬੇਟੇ ਤਲਹਾ ਰਸ਼ੀਦ ਵੀ ਹਮਲੇ ਵਿੱਚ ਮਾਰੇ ਗਏ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਮੌਤ ਦੀ ਖਬਰ ਦੀ ਪੁਸ਼ਟੀ ਕੀਤੀ ਹੈ। ਤਲਹਾ ਦੇ ਦੋਸਤਾਂ ਨੇ ਦੱਸਿਆ ਕਿ ਉਸਦੀ ਨਵੀਂ-ਨਵੀਂ ਨੌਕਰੀ ਲੱਗੀ ਸੀ ਤੇ ਉਹ ਜਲਦ ਵਿਆਹ ਕਰਵਾਉਣ ਵਾਲਾ ਸੀ। ਰਸ਼ੀਦ ਦਾ ਦੂਜਾ ਬੇਟਾ ਵੀ ਜ਼ਖਮੀ ਹੋਇਆ ਹੈ ਜਿਸ ਦਾ ਇਲਾਜ ਚੱਲ ਰਿਹਾ ਹੈ।

**ਖਾਲਿਦ ਮੁਸਤਫਾ**

ਸੀਰੀਅਨ ਸੌਲੀਡੈਰੀਟੀ ਗਰੁੱਪ ਨੇ ਪੁਸ਼ਟੀ ਕੀਤੂ ਕਿ ਸੀਰੀਆ ਤੋਂ ਰੈਫਿਊਜੀ ਖਾਲਿਦ ਮੁਸਤਫਾ ਵੀ ਅਲ ਨੂਰ ਮਸਜਿਦ ਵਿੱਚ ਮਾਰੇ ਗਏ। ਉਹ 2018 ਵਿੱਚ ਹੀ ਨਿਊਜ਼ੀਲੈਂਡ ਆਏ ਸਨ ਜੋ ਉਨ੍ਹਾਂ ਮੁਤਾਬਕ ਇੱਕ ਸੁਰੱਖਿਅਤ ਥਾਂ ਸੀ। ਉਨ੍ਹਾਂ ਦਾ ਇੱਕ ਬੇਟਾ ਵੀ ਲਾਪਤਾ ਹੈ, ਦੂਜੇ ਨੂੰ ਸੱਟਾਂ ਆਈਆਂ 'ਤੇ ਸਰਜਰੀ ਹੋਈ ਹੈ।

**ਮੁਸਾਦ ਇਬਰਾਹਿਮ**

ਤਿੰਨ ਸਾਲ ਦਾ ਮੁਸਾਦ ਇਬਰਾਹਿਮ ਵੀ ਲਾਪਤਾ ਹੈ। ਉਸਦੇ ਭਰਾ ਅਬਦੀ ਇਬਰਾਹਿਮ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਮੁਸਾਦ ਮਰ ਚੁੱਕਿਆ ਹੈ। ਅਬਦੀ ਆਪਣੇ ਇੱਕ ਹੋਰ ਭਰਾ ਤੇ ਪਿਤਾ ਨਾਲ ਮਸਜਿਦ ਗਏ ਸਨ। ਹਮਲੇ ਤੋਂ ਬਾਅਦ ਮੁਸਾਦ ਦਾ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਦੱਸਿਆ ਕਿ ਉਹ ਬੇਹੱਦ ਹਸਮੁੱਖ ਤੇ ਚੰਚਲ ਸੁਭਾਅ ਦਾ ਸੀ। ਇਸ ਤੋਂ ਇਲਾਵਾ ਇੰਡੋਨੇਸ਼ੀਆ ਦੇ ਲਿਲਿਕ ਅਬਦੁਲ ਹਮੀਦ ਵੀ ਮਾਰੇ ਗਏ ਹਨ। ਪਾਕਿਸਤਾਨ ਦੇ ਚਾਰ ਹੋਰ ਸ਼ਖਸ ਮਾਰੇ ਗਏ ਹਨ ਜਿਨ੍ਹਾਂ ਦੇ ਨਾਂ ਫਿਲਹਾਲ ਨਹੀਂ ਪਤਾ ਲਗ ਸਕੇ ਹਨ। ਸੋਮਾਲੀਆ ਤੋਂ ਵੀ ਘੱਟੋ-ਘੱਟ ਚਾਰ ਲੋਕ ਮਾਰੇ ਗਏ ਹਨ।



**ਫਰਾਜ਼ ਅਹਿਸਾਨ**

"ਮੈਂ ਪਿਛਲੀ ਰਾਤ ਹੀ ਆਪਣੇ ਪੁੱਤਰ ਨਾਲ ਗੱਲਬਾਤ ਕੀਤੀ ਸੀ ਅਤੇ ਉਸ ਨੂੰ ਭਾਰਤ ਆਉਣ ਲਈ ਕਿਹਾ ਸੀ ਕਿਉਂਕਿ ਉਸ ਨੂੰ ਮਿਲੇ ਹੋਏ ਕਾਫ਼ੀ ਸਮਾਂ ਹੋ ਗਿਆ ਹੈ। ਸਾਨੂੰ ਨਹੀਂ ਪਤਾ ਸੀ ਕਿ ਅਗਲੀ ਹੀ ਸਵੇਰ ਸਾਨੂੰ ਗੋਲੀਬਾਰੀ ਦੀ ਖ਼ਬਰ ਸੁਣਨ ਨੂੰ ਮਿਲੇਗੀ।" ਇਹ ਬੋਲ ਨਿਊਜ਼ੀਲੈਂਡ ਦੇ ਕਰਾਈਸਟ ਚਰਚ ਵਿੱਚ ਮਸਜਿਦ ਅੰਦਰ ਹੋਏ ਹਮਲੇ ਦੌਰਾਨ ਮਾਰੇ ਗਏ ਫਰਾਜ਼ ਅਹਿਸਾਨ ਦੇ ਪਿਤਾ ਸਈਦੁਦੀਨ ਦੇ ਸਨ। ਫਰਾਜ਼ ਆਮ ਤੌਰ 'ਤੇ 2 ਸਾਲ 'ਚ ਇੱਕ ਵਾਰ ਭਾਰਤ ਆਉਂਦਾ ਸੀ। ਫਰਾਜ਼ ਨਾਲ ਨਿਊਜ਼ੀਲੈਂਡ ਵਿੱਚ ਰਹਿੰਦੀ ਉਸਦੀ ਪਤਨੀ ਨੇ ਆਪਣੇ ਪਤੀ ਫਰਾਜ਼ ਅਹਿਸਾਨ ਦੀ ਮੌਤ ਦੀ ਖ਼ਬਰ ਦਿੱਤੀ। ਬੀਬੀਸੀ ਨਿਊਜ਼ ਤੇਲਗੂ ਦੇ ਪੱਤਰਕਾਰ ਸੰਗੀਥਮ ਪ੍ਰਭਾਕਰ ਹੈਦਰਾਬਾਦ ਵਿੱਚ ਰਹਿੰਦੇ ਪੀੜਤਾਂ ਦੇ ਪਰਿਵਾਰਾਂ ਦੇ ਘਰ ਗਏ ਅਤੇ ਗੱਲਬਾਤ ਕੀਤੀ। ਹੈਦਰਾਬਾਦ ਵਿੱਚ ਫਰਾਜ਼ ਅਹਿਸਾਨ ਦੇ ਘਰ ਵਿੱਚ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਆਉਣਾ-ਜਾਣਾ ਜਾਰੀ ਸੀ। ਹਾਲਾਂਕਿ ਘਰ ਵਿੱਚ ਚੁੱਪੀ ਛਾਈ ਹੋਈ ਸੀ ਅਤੇ ਜੇ ਕੋਈ ਆਵਾਜ਼ ਸੁਣਾਈ ਦਿੰਦੀ ਸੀ ਤਾਂ ਉਹ ਸਿਰਫ਼ ਪੱਖੇ ਅਤੇ ਬੱਚਿਆਂ ਦੀ ਸੀ। ਫਰਾਜ਼ ਦੇ ਪਿਤਾ ਨੇ ਕਿਹਾ, "ਮੇਰੇ ਚਾਰ ਬੱਚੇ ਹਨ ਅਤੇ ਫਰਾਜ਼ ਸਭ ਤੋਂ ਛੋਟਾ ਹੈ। ਉਹ 10 ਸਾਲ ਪਹਿਲਾਂ ਨਿਊਜ਼ੀਲੈਂਡ ਗਿਆ ਸੀ ਅਤੇ ਉੱਥੋਂ ਦੀ ਨਾਗਰਿਕਤਾ ਵੀ ਮਿਲ ਗਈ ਸੀ। ਉਹ ਉੱਥੇ ਸਾਫਟਵੇਅਰ ਇੰਜੀਨੀਅਰ ਵਜੋਂ ਕੰਮ ਕਰ ਰਿਹਾ ਸੀ। ਉਹ ਪਹਿਲਾਂ ਆਕਲੈਂਡ ਵਿਚ ਰਹਿੰਦਾ ਸੀ ਅਤੇ ਛੇ ਸਾਲ ਪਹਿਲਾਂ ਕ੍ਰਾਈਸਟ ਚਰਚ ਚਲਾ ਗਿਆ ਸੀ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਉੱਥੇ ਰਹਿੰਦਾ ਸੀ।"

**ਮੂਸਾ ਵਲੀ**

ਖ਼ਬਰ ਏਜੰਸੀ ਏਐੱਨਆਈ ਮੁਤਾਬਕ ਗੁਜਰਾਤ ਦੇ ਮੂਸਾ ਵਲੀ ਪਟੇਲ ਦੀ ਵੀ ਹਸਪਤਾਲ ਵਿੱਚ ਮੌਤ ਹੋ ਗਈ ਹੈ।

ਮੂਸਾ ਵਲੀ ਦੇ ਭਰਾ ਹਾਜੀ ਅਲੀ ਨੇ ਦੱਸਿਆ ਕਿ ਇਲਾਜ਼ ਦੌਰਾਨ ਮੂਸਾ ਦੀ ਮੌਤ ਹੋ ਗਈ। ਗੁਜਰਾਤ ਦੇ ਭਰੂਚ ਇਲਾਕੇ ਦੇ ਰਹਿਣ ਵਾਲੇ ਹਾਜੀ ਅਲੀ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਪਰਿਵਾਰ ਨਾਲ ਸ਼ੁੱਕਰਵਾਰ ਨੂੰ ਨਮਾਜ਼ ਅਦਾ ਕਰਨ ਗਿਆ ਸੀ ਜਿੱਥੇ ਉਸ ਨੂੰ ਗੋਲੀਆਂ ਲੱਗੀਆਂ।

## ਟਰੰਪ ਨੇ ਗੂਗਲ ਤੇ ਲਗਾਇਆ ਚੀਨ ਦੀ ਮਦਦ ਕਰਨ ਦਾ ਦੋਸ਼

ਵਾਸ਼ਿੰਗਟਨ, — ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਕੰਪਨੀ ਗੂਗਲ 'ਤੇ ਚੀਨ 'ਚ ਕਾਰੋਬਾਰ ਕਰਕੇ ਉਸ ਦੀ ਫੌਜ ਦੀ ਮਦਦ ਕਰਨ ਦਾ ਦੋਸ਼ ਲਗਾਇਆ ਹੈ। ਟਰੰਪ ਨੇ ਸ਼ਨੀਵਾਰ ਨੂੰ ਟਵੀਟ ਕਰਕੇ ਕਿਹਾ,"ਗੂਗਲ ਚੀਨ ਅਤੇ ਉਸ ਦੀ ਫੌਜ ਦੀ ਮਦਦ ਕਰ ਰਿਹਾ ਹੈ ਪਰ ਅਮਰੀਕਾ ਦੀ ਨਹੀਂ, ਅਜੀਬ ਗੱਲ ਹੈ।



ਚੰਗੀ ਖਬਰ ਇਹ ਹੈ ਕਿ ਉਨ੍ਹਾਂ ਨੇ ਹਿਲੇਰੀ ਕਲਿੰਟਨ ਦੀ ਮਦਦ ਕੀਤੀ ਸੀ ਪਰ ਟਰੰਪ ਦੀ ਨਹੀਂ ਕਰ ਰਹੇ।" ਅਮਰੀਕੀ ਫੌਜ ਮੁਖੀਆਂ ਦੇ ਚੇਅਰਮੈਨ ਜਨਰਲ ਜੋਸਫ ਡਨਫੋਰਡ ਨੇ 14 ਮਾਰਚ ਨੂੰ ਅਮਰੀਕੀ ਸੰਸਦ 'ਕਾਂਗਰਸ' ਨੂੰ ਦੱਸਿਆ ਸੀ ਕਿ ਰੱਖਿਆ ਮੰਤਰਾਲਾ ਪੈਂਟਾਗਨ ਇਸ ਗੱਲ ਤੋਂ ਚਿੰਤਾ 'ਚ ਹੈ ਕਿ ਗੂਗਲ ਚੀਨ 'ਚ ਕਾਰੋਬਾਰ ਕਰਕੇ ਉਸ ਦੀ ਫੌਜ ਨੂੰ ਉੱਨਤ ਬਣਾਉਣ 'ਚ ਮਦਦ ਕਰ ਰਿਹਾ ਹੈ। ਅਮਰੀਕਾ ਦੇ ਕਾਰਜਕਾਰੀ ਰੱਖਿਆ ਸਕੱਤਰ ਪੈਟ੍ਰਿਕ ਸ਼ੈਨਾਹਨ ਨੇ ਕਿਹਾ ਸੀ ਕਿ ਵਣਜ ਕਾਰੋਬਾਰ ਅਤੇ ਫੌਜੀ ਵਿਕਾਸ ਦੇ ਵਿਚਕਾਰ ਸਿੱਧਾ ਸਬੰਧ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਚੀਨ ਦੀਆਂ ਕੰਪਨੀਆਂ ਵਿਵਸਥਿਤ ਤਰੀਕੇ ਨਾਲ ਅਮਰੀਕੀ ਤਕਨੀਕ ਦੀ ਚੋਰੀ ਕਰ ਰਹੀਆਂ ਹਨ, ਜਿਸ ਨਾਲ ਚੀਨ ਰੱਖਿਆ ਖੇਤਰ 'ਚ ਉੱਨਤੀ ਕਰ ਰਿਹਾ ਹੈ।

**Matrimonial**

"35 year old 5'-9" Jatt Singh Gill Boy PR NZ Looking for Beautiful Educated Girl whole Family Sealed in NZPhone : 0221952162"092670825

